**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ**
**ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।**
**ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜ਼ਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)**
**ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370**
**ਈ-ਮੇਲ:ddssa777@gmail.com Website: ssapunjab.org**

**ਇਨਫੋਰਸਮੈਂਟ ਸ਼ਾਖਾ**

ਹੁਕਮ ਨੰ:ਇਨਫੋਰਸਮੈਟ-2/(209354)2014/
ਮਿਤੀ: ਐਸ.ਏ.ਐਸ ਨਗਰ: 24-02-2015

ਸ੍ਰੀ ਵਿਕਾਸ ਕੁਮਾਰ, ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ ਧੂੜਕੋਟ ਚੜ੍ਹਤ ਸਿੰਘ ਜਿਲ੍ਹਾ ਮੋਗਾ ਨੂੰ ਮਿਤੀ: 04-12-13 ਤੋ ਸਰਕਾਰੀ ਡਿਊਟੀ ਤੋ ਅਣ-ਅਧਿਕਾਰਤ ਤੋਰ ਤੇ ਗੈਰਹਾਜਰ ਕਾਰਨ ਵੱਡੀ ਸਜ਼ਾ ਦੇਣ ਲਈ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਾਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਪਰ ਕਰਮਚਾਰਨ ਵੱਲੋ ਦੋਸ਼ ਸੂਚੀ ਦਾ ਕੋਈ ਉਤਰ ਨਹੀ ਦਿੱਤਾ ਗਿਆ। ਉਸ ਵਿਰੁੱਧ ਜਾਰੀ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਸਚਾਈ ਜਾਨਣ ਲਈ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਮੋਗਾ ਨੂੰ ਪੜਤਾਲੀਆ ਅਫ਼ਸਰ ਨਿਯੁਕਤ ਕੀਤਾ ਗਿਆ ਸੀ।ਪੜਤਾਲੀਆ ਅਫਸਰ ਵੱਲੋ ਪ੍ਰਾਪਤ ਪੜਤਾਲ ਰਿਪੋਰਟ ਅਨੁਸਾਰ ਕਰਮਚਾਰੀ ਵਿਰੁੱਧ ਮਿਤੀ: 04-12-2013 ਤੋ ਬਿਨ੍ਹਾ ਕੋਈ ਸੂਚਨਾਂ ਦਿੱਤੇ ਅਣ-ਅਧਿਕਾਰਤ ਤੋਰ ਤੇ ਗੈਰ-ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।ਪੜਤਾਲੀਆ ਅਫਸਰ ਵੱਲੋ ਪ੍ਰਾਪਤ ਹੋਈ ਪੜਤਾਲ ਰਿਪੋਰਟ ਦੇ ਆਧਾਰ ਤੇ ਦੋ ਅਖਬਾਰਾਂ ਵਿੱਚ ਦਿੱਤੇ ਪਬਲਿਕ ਨੋਟਿਸ ਰਾਹੀ ਸਬੰਧਤ ਕਰਮਚਾਰੀ ਨੂੰ 21 ਦਿਨ੍ਹਾ ਦੇ ਅੰਦਰ ਅੰਦਰ ਇਸ ਦਫਤਰ ਵਿਖੇ ਨਿੱਜੀ ਤੋਰ ਤੇ ਜਾਂ ਲਿਖਤੀ ਰੂਪ ਵਿੱਚ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਪਰ ਕਰਮਚਾਰੀ ਵੱਲੋ ਪਬਲਿਕ ਨੋਟਿਸ ਦੇ ਉਤਰ ਵਿੱਚ ਕੋਈ ਪ੍ਰਤੀ ਬੇਨਤੀ ਇਸ ਦਫਤਰ ਨੂੰ ਨਹੀ ਕੀਤੀ। ਕਰਮਚਾਰੀ ਵੱਲੋ ਦੋਸ਼ ਸੂਚੀ ਦਾ ਉਤਰ ਨਾ ਦੇਣਾ, ਵਿਭਾਗੀ ਪੜਤਾਲ ਵਿੱਚ ਸ਼ਾਮਿਲ ਨਾ ਹੋਣਾ।ਉਪਰੋਕਤ ਤੋ ਸਪੱਸ਼ਟ ਹੈ ਕਿ ਕਰਮਚਾਰੀ ਦੀ ਸਰਕਾਰੀ ਨੌਕਰੀ ਕਰਨ ਵਿੱਚ ਕੋਈ ਦਿਲਚਸਪੀ ਨਹੀ ਹੈ।

ਇਸ ਲਈ ਮੈਂ **ਪਰਦੀਪ ਕੁਮਾਰ ਅਗਰਵਾਲ, ਆਈ.ਏ.ਐਸ**. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਪੜਤਾਲ ਰਿਪੋਰਟ ਅਤੇ ਉਸ ਦੀ ਗੈਰ ਹਾਜਰੀ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਉਪਰੰਤ ਇਸ ਸਿੱਟੇ ਤੇ ਪੁੱਜਾ ਹਾਂ ਕਿ ਸ੍ਰੀ ਵਿਕਾਸ ਕੁਮਾਰ, ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ ਧੂੜਕੋਟ ਚੜ੍ਹਤ ਸਿੰਘ ਜਿਲ੍ਹਾ ਮੋਗਾ ਮਿਤੀ: 04-12-13 ਤੋ ਜਾਣ ਬੁੱਝ ਕੇ ਆਪਣੀ ਡਿਊਟੀ ਤੋ

ਗੈਰ-ਹਾਜਰ ਹੈ ਅਤੇ ਉਹ ਸਰਕਾਰੀ ਸੇਵਾ ਕਰਨ ਵਿੱਚ ਕੋਈ ਦਿਲਚਸਪੀ ਨਹੀ ਰੱਖਦਾ। ਸ੍ਰੀ ਵਿਕਾਸ ਕੁਮਾਰ, ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ ਧੂੜਕੋਟ ਚੜ੍ਹਤ ਸਿੰਘ ਜਿਲ੍ਹਾ ਮੋਗਾ ਨੂੰ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 5 (VIII) ਵੱਡੀਆ ਸਜ਼ਾਵਾਂ ਵਿੱਚ ਵਰਣਿਤ ਸਜ਼ਾ ਦਿੰਦੇ ਹੋਏ ਉਸ ਦੀਆ ਸੇਵਾਵਾਂ ਮਿਤੀ: 04-12-2013 ਤੋ ਖਤਮ ਕੀਤੀਆ ਜਾਂਦੀਆ ਹਨ।

**ਪਰਦੀਪ ਕੁਮਾਰ, ਆਈ.ਏ ਐਸ.**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਇੰਫੋ-2/(209354)2014/ 3761-63

ਮਿਤੀ: ਐਸ.ਏ.ਐਸ ਨਗਰ: 16/3/2015

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਡੀ.ਪੀ.ਆਈ (ਸੈ:ਸਿ:)ਪੰਜਾਬ ।
2) ਮੰਡਲ ਸਿੱਖਿਆ ਅਫਸਰ ਫਰੀਦਕੋਟ ਮੰਡਲ ਫਰੀਦਕੋਟ।
3) ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮੋਗਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਵਿਦੇਸ਼/ਪੱਕੇ ਪਤੇ ਤੇ ਸਰਵ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
4) ਸ੍ਰੀ ਵਿਕਾਸ ਕੁਮਾਰ, ਸਾਇੰਸ ਮਾਸਟਰ, 18/380 ਰੋਡ ਨੰ: 2 ਗਲੀ ਨੰ: 6 ਸਰਦਾਰ ਨਗਰ ਮੋਗਾ ਸਰਕਾਰੀ ਮਿਡਲ ਸਕੂਲ ਧੂੜਕੋਟ ਚੜ੍ਹਤ ਸਿੰਘ ਜਿਲ੍ਹਾ ਮੋਗਾ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**